# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ
# ਮਿਤੀ **18-1-2023**
# ਦੀ ਕਾਰਵਾਈ
# (ਮਤਾ ਨੰ: **82-83** )

**ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 18.1.2023 ਨੂੰ ਹੋਈ ਦੀ ਕਾਰਵਾਈ ।**

ਮਿਤੀ 18.1.2023 ਨੂੰ ਨਗਰ ਨਿਗਮ ਹਾਊਸ ਦੀ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ |
|---|---|---|
| 1. | 48 | ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 2 | ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 4. | 5 | ਸ਼੍ਰੀਮਤੀ ਬਲਜਿੰਦਰ ਕੌਰ, ਕੌਂਸਲਰ |
| 5. | 6 | ਸ਼੍ਰੀ ਨਿਰਮਲ ਸਿੰਘ, ਕੌਂਸਲਰ |
| 6. | 8 | ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ |
| 7. | 12 | ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ |
| 8. | 13 | ਸ਼੍ਰੀਮਤੀ ਬਿਮਲਾ ਰਾਨੀ, ਕੌਂਸਲਰ |
| 9. | 16 | ਸ਼੍ਰੀ ਮਨਮੋਹਣ ਸਿੰਘ, ਕੌਂਸਲਰ |
| 10. | 17 | ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 11. | 20 | ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ |
| 12. | 21 | ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ |
| 13. | 24 | ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 14. | 25 | ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ |
| 15. | 26 | ਸ਼੍ਰੀ ਰੋਹਨ ਸਹਿਗਲ, ਕੌਂਸਲਰ |
| 16. | 27 | ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ |
| 17. | 29 | ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ |
| 18. | 30 | ਸ਼੍ਰੀ ਪਵਨ ਕੁਮਾਰ, ਕੌਂਸਲਰ |
| 19. | 34 | ਸ਼੍ਰੀ ਤਰਸੇਮ ਸਿੰਘ, ਕੌਂਸਲਰ |
| 20. | 35 | ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ |
| 21. | 36 | ਸ਼੍ਰੀ ਬਚਨ ਲਾਲ, ਕੌਂਸਲਰ |
| 22. | 37 | ਸ਼੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ |
| 23. | 38 | ਸ਼੍ਰੀ ਓਮਕਾਰ ਰਜੀਵ, ਕੌਂਸਲਰ |
| 24. | 45 | ਸ਼੍ਰੀਮਤੀ ਜ਼ਸਪਾਲ ਕੌਰ, ਕੌਂਸਲਰ |
| 25. | 49 | ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 26. | 51 | ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ |
| 27. | 52 | ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ |
| 28. | 53 | ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ |
| 29. | 54 | ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ |
| 30. | 56 | ਸ਼੍ਰੀ ਪੱਲੀ ਅੱਪਨ, ਕੌਂਸਲਰ |
| 31. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 32. | 65 | ਸ਼੍ਰੀਮਤੀ ਅੰਜਲੀ , ਕੌਂਸਲਰ |
| 33. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 34. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ |
| 35. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ |
| 36. | 69 | ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ |
| 37. | 70 | ਸ਼੍ਰੀ ਗਿਆਨ ਚੰਦ, ਕੌਂਸਲਰ |
| 38. | 73 | ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ |
| 39. | 75 | ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ |
| 40. | 76 | ਸ਼੍ਰੀ ਲਖਵੀਰ ਸਿੰਘ, ਕੌਂਸਲਰ |
| 41. | 77 | ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ |
| 42. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |

**ਕੁਲ ਹਾਜ਼ਰ ਮੈਂਬਰ:** 42

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2023

ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ, ਜਿਹਨਾਂ ਵਿੱਚੋਂ:-

1. ਮਾਨਯੋਗ ਸਾਂਸਦ, ਜਲੰਧਰ ਚੌਧਰੀ ਸੰਤੋਖ ਸਿੰਘ ਜੀ
2. ਡਾ. ਜਸਲੀਨ ਸੇਠੀ, ਕੌਂਸਲਰ ਜੀ ਦੇ ਜੀਜਾ ਜੀ ਅਮਰਬੀਰ ਸਿੰਘ ਸਚਦੇਵਾ

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।

ਉਹਨਾਂ ਪ੍ਰਤੀ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕਰੀਏ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2023

ਇਸ ਉਪਰੰਤ ਮੇਅਰ ਜੀ ਨੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਲਈ ਕਿਹਾ। ਅਜੰਡਾ ਸੁਪਰਡੰਟ ਨੇ ਹਾਊਸ ਨੂੰ ਜਾਣੂ ਕਰਵਾਇਆ ਕਿ ਪਿਛਲੀ ਮੀਟਿੰਗ ਜਿਹੜੀ ਕਿ ਮਿਤੀ 7.1.2023 ਨੂੰ ਹੋਈ ਸੀ ਦੌਰਾਨ ਹਾਊਸ ਦਾ ਲੰਬਿਤ ਮਤਾ ਨੰਬਰ 56 ਮਿਤੀ 1.7.2022 ਸਬੰਧੀ ਫੈਸਲਾ ਹੋਇਆ ਸੀ ਕਿ ਹਾਊਸ ਵਲੋਂ ਇਸ ਦੀ ਜਾਂਚ ਹਿੱਤ ਗਠਤ ਕਮੇਟੀ ਦੀ ਇਨਕੁਆਰੀ ਦੌਰਾਨ ਜਿਹੜਾ ਪੈਸਾ ਜਮ੍ਹਾਂ ਹੋਇਆ ਉਸ ਸਬੰਧੀ ਡਿਟੇਲ ਦਿੱਤੀ ਜਾਵੇ ਤਾਂ ਜ਼ੋ ਇਸ ਸਬੰਧੀ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਕੀਤਾ ਜਾ ਸਕੇ । ਦਫਤਰ ਵਲੋਂ ਜ਼ੋ ਰਿਪੋਰਟ ਦਿਤੀ ਗਈ ਸੀ ਉਹ ਸਮੂਹ ਕੌਂਸਲਰ ਸਾਹਿਬਾਨਾਂ ਨੂੰ ਭੇਜ਼ ਦਿੱਤੀ ਗਈ ਸੀ।

ਕਮਿਸ਼ਨਰ ਜੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੈਂ ਮੁਆਫੀ ਚਾਹੁੰਦਾ ਹਾਂ ਕਿ ਅੱਜ ਦੀ ਇਹ ਮੀਟਿੰਗ ਦੋ ਵਾਰ ਪੋਸਟਪੋਨਡ ਕਰਨੀ ਪਈ । ਉਸਦੀ ਵਜ੍ਹਾਂ ਸੀ ਕਿ ਮੈਂ ਚਾਰ-ਪੰਜ ਦਿਨਾਂ ਦੀ ਛੁੱਟੀ ਤੇ ਸੀ ਤੇ ਇੱਕ ਵਾਰ ਮੇਅਰ ਜੀ ਦੀ ਤਬੀਅਤ ਠੀਕ ਨਹੀਂ ਸੀ । ਅੱਜ ਦੀ ਇਸ ਮੀਟਿੰਗ ਵਿੱਚ ਪਿਛਲੀ ਮੀਟਿੰਗ ਵਿੱਚ ਜਿਹੜਾ ਇੱਕ ਪੁਆਇੰਟ ਵਰਬਲੀ ਡਿਸਕਸ ਹੋਇਆ ਸੀ, ਬਾਰੇ ਜਿਹੜੀ ਰਿਪੋਰਟ ਅਧਿਕਾਰੀਆਂ ਵਲੋਂ ਤਿਆਰ ਕੀਤੀ ਗਈ ਹੈ, ਉਹ ਮੈਨੂੰ ਵੀ ਚੰਗੀ ਨਹੀਂ ਲੱਗੀ। ਕਿਉਂਜੋ ਹਾਊਸ ਵਲੋਂ ਗਠਤ ਕਮੇਟੀ ਦੀ ਰਿਪੋਰਟ ਨੂੰ ਚੰਗੀ ਤਰ੍ਹਾਂ ਨਹੀਂ ਘੋਖਿਆ ਗਿਆ ਜਿਸ ਕਰਕੇ ਮੈਂ ਸਬੰਧਤ ਅਧਿਕਾਰੀਆਂ ਨੂੰ ਸ਼ੋ ਕਾਜ਼ ਨੋਟਿਸ ਕੱਢਿਆ ਹੈ । ਹਾਊਸ ਇਕ ਸੁਪਰੀਮ ਬਾਡੀ ਹੈ ਮੇਰੀ ਐਬਸੈਂਸ ਕਰਕੇ ਰਿਪੋਰਟ ਪਰਾਪਰ ਤਿਆਰ ਨਹੀਂ ਹੋਈ, ਜਿਸ ਕਰਕੇ ਮੈਂ ਸਬੰਧਤ ਅਧਿਕਾਰੀਆਂ ਦੇ ਖ਼ਿਲਾਫ ਐਕਸ਼ਨ ਜ਼ਰੂਰ ਲਵਾਂਗਾ। ਮੈਂ ਐਪਰੀਸ਼ੀਏਟ ਕਰਦਾ ਹਾਂ ਕਿ ਹਾਊਸ ਵਲੋਂ ਗਠਤ ਕਮੇਟੀ ਦੀ ਰਿਪੋਰਟ ਤੋਂ ਇਸ ਪ੍ਰੋਜੈਕਟ ਸਬੰਧੀ ਕਾਫੀ ਉਨਤਾਹੀਆਂ ਨਜ਼ਰ ਨਹੀਂ ਆਈਆਂ ਨਹੀਂ ਤਾਂ ਤਾਂ ਸਮਾਰਟ ਸਿਟੀ ਦੇ ਪਹਿਲੇ ਅਤੇ ਨਗਰ ਨਿਗਮ ਦੇ ਕਈ ਅਫਸਰ ਜਿਹੜੇ ਕਿ ਬਦਲ ਚੁੱਕੇ ਹਨ ਜਾਂ ਛੱਡ ਕੇ ਚਲੇ ਗਏ ਹਨ ਕਾਰਨ ਇਹਨਾਂ ਉਨਤਾਹੀਆਂ ਬਾਰੇ ਪਤਾ ਨਹੀਂ ਚੱਲਣਾ ਸੀ ।ਮੈਂ ਤੇ ਚੀਫ ਇੰਜੀਨਿਟਰ ਸ੍ਰੀ ਏ.ਐਸ.ਧਾਲੀਵਾਲ ਇਸ ਪ੍ਰੋਜੈਕਟ ਨੂੰ ਘੋਖ ਚੁੱਕੇ ਹਾਂ । ਮੈਂ ਵੀ ਅੱਜ ਦੀ ਮੀਟਿੰਗ ਲਈ ਤਿਆਰ ਨਹੀਂ ਸੀ ਅਤੇ ਬਾਕੀ ਦੇ ਸਟਾਫ ਨੇ ਵੀ ਤਿਆਰੀ ਨਹੀਂ ਕੀਤੀ। ਸੋ ਅੱਜ ਅਸੀਂ ਇੱਕ ਪੁਆਇੰਟ ਤੇ ਡਿਸਕਸ ਕਰ ਸਕਦੇ ਹਾਂ। ਸ੍ਰੀਖੰਡੇ ਥਰਡ ਪਾਰਟੀ ਆਡਿਟ ਨੇ ਵੀ ਇਸ ਪ੍ਰੋਜੈਕਟ ਬਾਰੇ ਕਾਫੀ ਕਮੀਆਂ ਕੱਢੀਆਂ ਜਿਸ ਕਰਕੇ ਸਰਕਾਰ ਨੂੰ ਕਾਫੀ ਵਿੱਤੀ ਫਾਇਦਾ ਹੋਇਆ । ਸ਼ੁਰੂ ਵਿੱਚ ਹੀ ਜੇਕਰ ਇਸ ਬਾਰੇ ਘੋਖ ਕਰ ਲਈ ਜਾਂਦੀ ਤਾਂ ਇੰਨੀਆਂ ਉਨਤਾਹੀਆਂ ਨਹੀਂ ਹੋਣੀਆਂ ਸਨ । I will take disciplinary action against delinquent officials. ਬਾਕੀ ਅਸੀਂ ਹੁਣ ਅੱਗੇ ਵੱਧਣਾ ਹੈ। ਇਸ ਪ੍ਰੋਜੈਕਟ ਦੀ ਜਾਂਚ ਵਿਜੀਲੈਂਸ ਕਰ ਰਹੀ ਹੈ । ਸ਼ਹਿਰ ਦੀ ਬੇਹਤਰੀ ਲਈ ਅਸੀ ਗਲਬਾਤ ਕਰੀਏ । ਮੇਰੇ ਆਉਣ ਤੋਂ ਪਹਿਲਾਂ ਕਈ ਅਧਿਕਾਰੀ ਬਦਲ ਗਏ । ਪਿਛੇ ਜਿਹੇ ਅਸੀਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਦੇ ਸੀਨਿਅਰ ਰਿਟਾਇਰਡ ਚੀਫ ਇੰਜੀਨਿਅਰ ਸ੍ਰੀ ਬਾਂਸਲ ਨੂੰ ਇਸ ਪ੍ਰੋਜੈਕਟ ਲਈ ਜੁਆਇੰਨ ਕਰਵਾਇਆ ਹੈ ਅਤੇ ਇਲੈਕਟ੍ਰੀਕਲ ਫੀਲਡ ਵਿੱਚ ਇਹ ਕਾਫੀ ਤਜ਼ਰਬਾ ਰੱਖਦੇ ਹਨ ਅਤੇ ਸਬਜੈਕਟ ਐਕਸਪਰਟ ਹਨ। ਕਾਰਪੋਰੇਸ਼ਨ ਕੋਲ ਆਪਣੀ ਕੋਈ ਇਲੈਕਟ੍ਰੀਕਲ ਇੰਜੀਨਿਅਰ ਨਹੀਂ ਹੈ । ਸੋ ਇਹ ਸਾਡੀ ਟੀਮ ਨੂੰ ਸਪੋਰਟ ਕਰਨਗੇ । ਸਾਡੇ ਅਫ਼ਸਰਾਂ ਦੀ ਟੀਮ ਅਤੇ ਨੋਡਲ ਅਫ਼ਸਰ ਸ੍ਰੀ ਧਾਲੀਵਾਲ ਨੇ ਵੀ ਇਸ ਪ੍ਰੋਜੈਕਟ ਵਿੱਚ ਗਲਤੀਆਂ ਨੂੰ ਮਹਿਸੂਸ ਕੀਤਾ। ਅੱਗੇ ਐਪਲੀਕੇਸ਼ਨ ਆਫ ਮਾਈਂਡ ਨਾਲ ਕੰਮ ਹੋਵੇਗਾ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਨੇ ਕਿਹਾ ਕਿ ਪੂਰੇ ਪੰਜ ਸਾਲ ਹੋ ਗਏ ਇਸ ਪ੍ਰੋਜੈਕਟ ਨੂੰ ਚਲਦਿਆਂ ਹੋਇਆ ਪਰ ਤੁਸੀਂ ਇਸ ਨੂੰ ਲਿੰਗਰਆਨ ਕਰੀ ਜਾ ਰਹੇ ਹੋ । ਪਹਿਲਾਂ ਇਹ ਪ੍ਰੋਜੈਕਟ 274 ਕਰੋੜ ਰੁਪਏ ਦਾ ਸੀ ਤੁਸੀਂ ਉਸਨੂੰ ਰੱਦ ਕਰਕੇ 44 ਕਰੋੜ ਫਿਰ 55 ਕਰੋੜ ਦਾ ਕੀਤਾ ।

ਸ੍ਰੀ ਰੋਹਨ ਸਹਿਗਲ, ਕੌਂਸਲਰ ਨੇ ਕਿਹਾ ਕਿ ਜਿਹੜਾ ਪਹਿਲਾ ਪ੍ਰੋਜੈਕਟ 274 ਕਰੋੜ ਰੁਪਏ ਦਾ ਸੀ ਉਹ ਮੈਂ ਹੀ ਕਾਫੀ ਮਿਹਨਤ ਅਤੇ ਜਾਂਚ ਕਰਕੇ ਰੱਦ ਕਰਵਾਇਆ ਸੀ । ਉਸ ਵੇਲੇ ਤੁਸੀਂ ਕਿਸੇ ਨੇ ਮੇਰਾ ਸਾਥ ਨਹੀਂ ਦਿੱਤਾ ਤਾਂ ਹੁਣ ਤੁਸੀਂ 55 ਕਰੋੜ ਦੇ ਪ੍ਰੋਜੈਕਟ ਬਾਰੇ ਵੀ ਸਵਾਲ ਚੁੱਕ ਰਹੇ ਹੋ । ਜੇਕਰ ਪਹਿਲਾਂ ਪ੍ਰੋਜੈਕਟ ਰੱਦ ਨਾ ਹੁੰਦਾ ਤਾਂ ਕਿੰਨਾ ਵੱਡਾ ਘਪਲਾ ਹੋਣਾ ਸੀ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਨੇ ਕਿਹਾ ਕਿ ਪੁਰਾਣੀਆਂ ਲਾਈਟਾਂ ਦੇ ਪੈਸੇ ਕਾਰਪੋਰੇਸ਼ਨ ਲੈ ਨਹੀਂ ਸਕੀ। ਉਸ ਵੇਲੇ ਦੇ ਸੀ.ਈ.ਓ. ਤੇ ਵੀ ਕਾਰਵਾਈ ਕੀਤੀ ਜਾਵੇ । ਤੁਸੀਂ ਕਿਉਂ ਕਮੇਟੀ ਬਣਾਈ ਜੇ ਕੋਈ ਕਾਰਵਾਈ ਹੀ ਨਹੀਂ ਕਰਨੀ ਸੀ । ਕਿਉਂ ਹਾਊਸ ਦਾ ਟਾਈਮ ਵੇਸਟ ਕੀਤਾ । ਕਿਉਂ ਤੁਸੀਂ ਪੁਰਾਣੀਆਂ ਲਾਈਟਾਂ ਦੇ 63 ਲੱਖ ਰੁਪਏ ਨਹੀਂ ਲੈ ਸਕੇ ।

ਮੇਅਰ ਜੀ ਨੇ ਕਿਹਾ ਕਿ ਸ੍ਰੀ ਰੋਹਨ ਸਹਿਗਲ ਨੇ 274 ਕਰੋੜ ਰੁਪਏ ਦਾ ਪ੍ਰੋਜੈਕਟ ਰੱਦ ਕਰਵਾਇਆ ਜਿਸ ਵਿੱਚ ਬਹੁਤ ਵੱਡੀ ਕਰਪਸ਼ਨ ਹੋਣੀ ਸੀ । ਸੋ ਤੁਸੀਂ ਆਪਣੇ ਜਿਹੜੇ ਸਵਾਲ ਹਨ, ਉਹਨਾਂ ਬਾਰੇ ਗੱਲ ਕਰੋ । ਮੇਅਰ ਜੀ ਨੇ ਕਿਹਾ ਕਿ ਪੁਰਾਣੀਆਂ ਲਾਈਟਾਂ ਦਾ ਟੈਂਡਰ ਸਾਲ 2017 ਵਿੱਚ ਹੋਇਆ ਸੀ। ਜੇਕਰ ਕਮੇਟੀ ਨਾ ਬਨਾਈ ਹੁੰਦੀ ਤਾਂ ਇਹ ਪੈਸੇ ਨਗਰ ਨਿਗਮ ਦੇ ਖ਼ਜਾਨੇ ਵਿੱਚ ਜਮ੍ਹਾਂ ਨਹੀਂ ਹੋਣੇ ਸਨ।ਅੱਜ ਵੀ ਅਜੇ ਬੈਲੰਸ ਪੈਸੇ ਲੈਣ ਵਾਲੇ ਹਨ ।

ਸ੍ਰੀ ਰੋਹਨ ਸਹਿਗਲ, ਨੇ ਕਿਹਾ ਕਿ 274 ਕਰੋੜ ਰੁਪਏ ਦਾ ਪ੍ਰੋਜੈਕਟ 65027 ਐਲ.ਈ.ਡੀ. ਲਾਈਟਾਂ ਦਾ ਸੀ ਜਿਸ ਤਹਿਤ ਪੁਰਾਣੀਆਂ ਸੋਡੀਅਮ ਲਾਈਟਾਂ ਨੂੰ ਐਲ.ਈ.ਡੀ. ਲਾਈਟਾਂ ਨਾਲ ਬਦਲਣ ਦਾ ਸੀ ਅਤੇ ਬਹੁਤ ਵੱਡਾ ਸਕੈਂਡਲ ਸੀ । ਹੁਣ ਇਹੀ ਕੰਮ 55 ਕਰੋੜ ਰੁਪਏ ਨਾਲ ਹੋ ਰਿਹਾ ਹੈ ਜਿਸ ਵਿੱਚ ਤੁਸੀਂ ਸਕੈਮ ਲਭ ਰਹੇ ਹੋ ਤੇ ਹਿਸਾਬ ਲਗਾਓ ਕਿ 274 ਕਰੋੜ ਰੁਪਏ ਦੇ ਪ੍ਰੋਜੈਕਟ ਵਿੱਚ ਕਿੰਨਾ ਵੱਡਾ ਸਕੈਂਡਲ ਹੋਣਾ ਸੀ ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ ਨੇ ਕਿਹਾ ਕਿ ਅਸੀਂ 55 ਕਰੋੜ ਰੁਪਏ ਦੇ ਪ੍ਰੋਜੈਕਟ ਦੀ ਗੱਲ ਕਰੀਏ ਅਤੇ ਮੇਅਰ ਜੀ ਦੇ ਕਮਿਸ਼ਨਰ ਜੀ ਜਵਾਬ ਦੇਣ ।

ਸ੍ਰੀਮਤੀ ਸ਼ਵੇਤਾ ਧੀਰ, ਕੌਂਸਲਰ ਨੇ ਕਿਹਾ ਕਿ 2017 ਤੋਂ 2022 ਤੱਕ ਕਮੇਟੀ ਕੀ ਕਰਦੀ ਰਹੀ। ਅੱਜ ਦੀ ਮੀਟਿੰਗ ਵੀ ਇੱਕ ਮਜ਼ਾਕ ਹੀ ਹੈ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਕਿਹਾ ਕਿ ਹਾਊਸ ਨੇ ਕਮੇਟੀ ਬਨਾਈ ਅਤੇ ਅਸੀਂ ਘੋਖ ਕਰਕੇ ਤੁਹਾਡੀ ਅੱਗੇ ਰਿਪੋਰਟ ਰੱਖੀ । 2017 ਦੇ ਟੈਂਡਰ ਮੁਤਾਬਿਕ ਪੁਰਾਣੀਆਂ ਲਾਈਟਾਂ ਦੇ ਬਦਲੇ ਜਿਹੜੇ ਪੈਸੇ ਲੈਣੇ ਸਨ, ਉਹ ਮਿਤੀ 20.10.2017 ਅਤੇ 20.11.2017 ਨੂੰ ਸਿਰਫ 25% ਜਮ੍ਹਾਂ ਕਰਵਾਏ ਗਏ ਅਤੇ ਉਸ ਤੋਂ ਬਾਅਦ ਕੋਈ ਪੈਸਾ ਜਮ੍ਹਾਂ ਨਹੀਂ ਕਰਵਾਇਆ ਗਿਆ । ਜਦੋਂ ਕਮੇਟੀ ਨੇ ਜਾਂਚ ਦੌਰਾਨ ਅਫ਼ਸਰਾਂ ਨੂੰ ਪੁੱਛਿਆ ਤਾਂ ਜਾਂਚ ਦੋਰਾਨ ਹੀ ਠੇਕੇਦਾਰ ਵਲੋਂ ਬਿਨਾਂ ਕਿਸੇ ਉਚ ਅਧਿਕਾਰੀਆਂ ਦੀ ਮਜੂੰਰੀ ਦੇ 9 ਲੱਖ ਰੁਪਏ ਮਿਤੀ 5.7.2022 ਨੂੰ ਜਮਾਂ ਕਰਵਾਏ। ਕਿਸੇ ਨੇ ਵੀ ਕੋਈ ਕੋਸ਼ਿਸ਼ ਨਹੀਂ ਕੀਤੀ ਕਿ ਲਗਾਤਾਰ ਪੈਸੇ ਜਮ੍ਹਾਂ ਕਿਉਂ ਨਹੀਂ ਹੋਏ । ਤੁਸੀਂ ਕਮੇਟੀ ਬਨਾਂਈ ਤਾਂ 9 ਲੱਖ ਰੁਪਏ ਆਏ ਅਤੇ ਟੋਟਲ 45 ਲੱਖ ਰੁਪਏ ਜਮ੍ਹਾਂ ਹੋਏ। ਕਿਸੇ ਅਫ਼ਸਰ ਨੇ 3-4 ਸਾਲ ਇਸ ਨੂੰ ਦੇਖਿਆ ਹੀ ਨਹੀਂ । ਇਸ ਲਈ ਸਬੰਧਤ ਅਧਿਕਾਰੀਆਂ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ ਨੇ ਕਿਹਾ ਕਿ ਅਸੀਂ ਮੀਟਿੰਗਾਂ ਕਰੀ ਜਾਂਦੇ ਹਾਂ ਪਰ ਕਾਰਵਾਈ ਕੋਈ ਨਹੀਂ ਹੋ ਰਹੀ । ਤਿੰਨ ਵਾਰ ਐਲ.ਈ.ਡੀ. ਪ੍ਰੋਜੈਕਟ ਦੇ ਮੁੱਦੇ ਤੇ ਮੀਟਿੰਗਾਂ ਹੋ ਚੁੱਕੀਆਂ ਹਨ। ਅਸੀਂ ਘੋਟਾਲਾ ਫੜਿਆ ਹੈ ਪਰ ਜਵਾਬ ਕੋਈ ਨਹੀਂ ਆਇਆ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ, ਕੌਂਸਲਰ ਨੇ ਕਿਹਾ ਕਿ ਮੈ: ਏ.ਐਸ.ਇੰਟਰਪ੍ਰਾਇਜ਼ਜ਼ ਨੂੰ ਪੁਰਾਣੀਆਂ ਲਾਈਟਾਂ ਦਾ ਟੈਂਡਰ ਉਸ ਵੇਲੇ ਦਿੱਤਾ ਗਿਆ ਜਦੋਂ ਨਗਰ ਨਿਗਮ ਨੇ ਮੈ: ਪੀ.ਸੀ.ਪੀ. ਕੰਪਨੀ ਨਾਲ ਐਲ.ਈ.ਡੀ. ਲਾਈਟਾਂ ਲਗਾਉਣ ਦਾ ਟੈਂਡਰ ਕੀਤਾ ਸੀ । ਹੋਣਾ ਤਾਂ ਇਹ ਚਾਹੀਦਾ ਸੀ ਕਿ ਜਦੋਂ ਮੈ: ਪੀ.ਸੀ.ਪੀ. ਕੰਪਨੀ ਨਾਲ ਇਕਰਾਰਨਾਮਾ ਰੱਦ ਕੀਤਾ ਗਿਆ ਸੀ ਤਾਂ ਉਸੇ ਵੇਲੇ ਮੈ: ਏ.ਐਸ.ਇੰਟਰਪ੍ਰਾਇਜ਼ਜ਼ ਨਾਲ ਵੀ ਇਕਰਾਰਨਾਮਾ ਰੱਦ ਕੀਤਾ ਜਾਂਦਾ । ਕਿਉਂ ਜ਼ੋ ਪੁਰਾਣੀਆਂ ਲਾਈਟਾਂ ਉਤਾਰਣ ਦਾ ਕੰਮ ਮੈਂ: ਐਚ.ਪੀ.ਐਲ. ਕੰਪਨੀ ਨੇ ਕਰਨਾ ਸੀ । ਜਿਹੜਾ ਪੈਸਾ ਮੈ: ਏ.ਐਸ.ਇੰਟਰਪ੍ਰਾਇਜ਼ਜ਼ ਨੇ ਜਮ੍ਹਾਂ ਕਰਵਾਇਆ ਉਸ ਲਈ ਕਿਸੇ ਦੀ ਪਰਮਿਸ਼ਨ ਨਹੀਂ ਲਈ ਗਈ ਜਿਸ ਬਾਰੇ ਕੋਈ ਡਿਟੇਲ ਨਹੀਂ ਦਿੱਤੀ ਗਈ । ਸਬੰਧਤ ਅਫ਼ਸਰਾਂ ਤੇ ਕੋਈ ਕਾਰਵਾਈ ਨਹੀਂ ਹੋਈ। ਮੇਅਰ ਜੀ ਤੁਸੀਂ ਵਿਜੀਲੈਂਸ ਤੱਕ ਨਹੀਂ ਗਏ । ਤੁਸੀਂ ਵੀ ਸਮਾਰਟ ਸਿਟੀ ਪ੍ਰੋਜੈਕਟ ਦੇ ਪਾਰਟ ਹੋ । ਤੁਸੀਂ ਇਸ ਬਾਰੇ ਕੋਈ ਨੋਟਿਸ ਤੱਕ ਨਹੀਂ ਕੱਢਿਆ ।

ਕਮਿਸ਼ਨਰ ਜੀ ਨੇ ਕਿਹਾ ਕਿ ਜ਼ੋ ਮੇਰੇ ਸਾਹਮਣੇ ਡਾਕੂਮੈਂਟਸ ਹਨ ਉਸ ਅਨੁਸਾਰ ਮੈ: ਪੀ.ਸੀ.ਪੀ.ਨਾਲ 2017 ਵਿੱਚ ਜਿਹੜਾ ਇਕਰਾਰਨਾਮਾ ਕੀਤਾ ਗਿਆ ਉਸ ਅਨੁਸਾਰ ਪੁਰਾਣੀਆਂ ਲਾਈਟਾਂ ਉਤਾਰਣ ਦਾ ਟੈਂਡਰ ਮੈ: ਏ.ਐਸ.ਇੰਟਰਪ੍ਰਾਇਜ਼ਜ਼ ਨੂੰ ਦਿੱਤਾ ਸੀ । ਪੁਰਾਣੀਆਂ ਲਾਈਟਾਂ ਨੂੰ ਸਟੋਰ ਵਿੱਚ ਰੱਖਿਆ ਜਾਣਾ ਸੀ ਅਤੇ ਉਸ ਕੇ ਬਦਲੇ 85 ਲੱਖ ਰੁਪਏ ਜਮ੍ਹਾਂ ਹੋਣੇ ਸਨ । ਇਨੀਸ਼ਲੀ 25% ਪੈਸੇ ਜਮ੍ਹਾਂ ਹੋਏ ਅਤੇ ਇਸ ਤੋਂ ਬਾਅਦ ਕੋਈ ਪੈਸੇ ਜਮ੍ਹਾਂ ਨਹੀਂ ਹੋਏ। ਇਹ ਸਬੰਧਤ ਅਧਿਕਾਰੀਆਂ ਦੀ ਡਿਊਟੀ ਬਣਦੀ ਸੀ ਕਿ ਪੈਸੇ ਜਮ੍ਹਾਂ ਕਿਉਂ ਨਹੀਂ ਹੋਏ । ਮੈ: ਏ.ਐਸ. ਇੰਟਰਪ੍ਰਾਇਜ਼ਜ਼ ਨੇ ਬਿਨਾ ਦੱਸੇ ਉਕਾ ਮੁੱਕਾ ਪੁਰਾਣੀਆਂ ਲਾਈਟਾਂ ਦਾ ਕੰਟਰੈਕਟ ਕੀਤਾ ਸੀ।ਕਿੰਨੀਆਂ ਲਾਈਟਾਂ ਉਤਾਰੀਆਂ ਗਈਆਂ ਸਬੰਧੀ ਕੋਈ ਹਿਸਾਬ ਨਹੀਂ ਹੈ । ਅਜੇ ਵੀ ਉਸ ਵੱਲ 22 ਲੱਖ ਪੈਂਡਿੰਗ ਹੈ ਅਤੇ 5-6 ਸਾਲਾਂ ਦਾ ਵਿਆਜ ਪੈਂਡਿੰਗ ਹੈ । ਫੈਕਟ ਤਾਂ ਇਹ ਹੈ ਕਿ ਜਦੋਂ ਮੈਂ: ਪੀ.ਸੀ.ਪੀ. ਨਾਲ ਕੰਟਰੈਕਟ ਖ਼ਤਮ ਹੋਇਆ ਤਾਂ ਮੈ: ਏ.ਐਸ.ਇੰਟਰਪ੍ਰਾਇਜ਼ਜ਼ ਨਾਲ ਵੀ ਕੰਟਰੈਕਟ ਖ਼ਤਮ ਕੀਤਾ ਜਾਣਾ ਚਾਹੀਦਾ ਸੀ। ਮੈ: ਐਚ.ਪੀ.ਐਲ. ਕੰਪਨੀ ਨਾਲ ਇਹ ਕੰਟਰੈਕਟ ਕੀਤਾ ਜਾਣਾ ਚਾਹੀਦਾ ਸੀ ।ਕਿਉਂ ਜ਼ੋ ਨਵਾਂ ਕੰਟਰੈਕਟ ਤਾਂ ਨਵੇਂ ਹਿਸਾਬ ਨਾਲ ਹੋਣਾ ਚਾਹੀਦਾ ਸੀ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਕਿ ਇਸ ਦਾ ਰਿਜ਼ਲਟ ਕੀ ਹੈ ।ਇਸ ਦੀ ਵਿਜੀਲੈਂਸ ਇਨਕੁਆਰੀ ਕਰਵਾਈ ਜਾਵੇ ।

ਮੇਅਰ ਜੀ ਨੇ ਕਿਹਾ ਕਿ ਜੇਕਰ ਹਾਊਸ ਫੈਸਲਾ ਲੈਂਦਾ ਹੈ ਤਾਂ ਇਹ ਕੇਸ ਵਿਜੀਲੈਂਸ ਨੂੰ ਰੈਫਰ ਕੀਤਾ ਜਾਵੇ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ, ਕੌਂਸਲਰ ਨੇ ਕਿਹਾ ਕਿ ਮੇਅਰ ਜੀ ਤੁਸੀਂ ਕਮੇਟੀ ਦਾ ਗਠਨ ਕੀਤਾ ਅਤੇ ਕਮੇਟੀ ਨੇ ਰਿਪੋਰਟ ਦੇ ਦਿੱਤੀ ਤਾਂ ਤੁਸੀਂ ਕਿਉਂ ਇਹ ਕੇਸ ਵਿਜੀਲੈਂਸ ਨੂੰ ਨਹੀਂ ਭੇਜਿਆ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਮੈਂ ਆਪਣੇ ਲੈਵਲ ਤੇ ਇੱਕਲਾ ਨਹੀਂ ਭੇਜ਼ ਸਕਦਾ ਬਲਕਿ ਹਾਊਸ ਨੇ ਹੀ ਇਸ ਬਾਰੇ ਫੈਸਲਾ ਲੈਣਾ ਹੈ ।ਕਿਉਂਜ਼ੋ ਜਿਹੜੀ ਵੀ ਗੱਲ ਹਾਊਸ ਵਿੱਚ ਹੁੰਦੀ ਹੈ ਉਸੇ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ, ਕੌਂਸਲਰ ਨੇ ਕਿਹਾ ਕਿ ਤੁਸੀਂ ਰਿਪੋਰਟ ਦਾ ਕੀ ਕੀਤਾ ਤਾਂ ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਉਹਨਾਂ ਨੇ ਇਹ ਰਿਪੋਰਟ ਕਮਿਸ਼ਨਰ ਜੀ ਨੂੰ ਭੇਜ਼ ਦਿੱਤੀ ਸੀ।ਹੁਣ ਤੁਸੀਂ ਫੈਸਲਾ ਲਵੋ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ ਨੇ ਕਿਹਾ ਕਿ ਤੁਸੀਂ ਅਫ਼ਸਰਾਂ ਦੇ ਖਿਲਾਫ ਐਕਸ਼ਨ ਲਵੋ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਕਿ ਅਸੀਂ ਪਬਲਿਕ ਦੇ ਨੁਮਾਇੰਦੇ ਹਾਂ । ਪਿਛਲੇ ਕਈ ਸਾਲਾਂ ਤੋਂ ਸਮਝ ਨਹੀਂ ਆ ਰਿਹਾ ਕਿ ਫੁਲ ਚਾਰਜ ਕੀ ਹੈ ਅਤੇ ਅਡੀਸ਼ਨਲ ਚਾਰਜ ਕੀ ਹੈ ।

ਕਮਿਸ਼ਨਰ ਜੀ ਨੇ ਕਿਹਾ ਕਿ ਮੈਂ 15-15 ਘੰਟੇ ਡਿਊਟੀ ਦੇ ਰਿਹਾ ਹਾਂ । ਤੁਹਾਡੇ ਫੋਨ ਵੀ ਅਟੈਂਡ ਕਰਦਾ ਹਾਂ ਅਤੇ ਮੇਰੇ ਸਾਰੇ ਅਧਿਕਾਰੀ ਵੀ ਤੁਹਾਡੀਆਂ ਗੱਲਾ ਸੁੰਣਦੇ ਹਨ ਅਤੇ ਸ਼ਿਕਾਇਤਾਂ ਦੂਰ ਕਰਦੇ ਹਨ । ਸਮਾਰਟ ਸਿਟੀ ਦਫ਼ਤਰ ਜ਼ਿਆਦਾ ਬੈਠਨ ਦਾ ਕਾਰਣ ਹੈ ਕਿ ਸਮਾਰਟ ਸਿਟੀ ਦੇ ਕਈ ਗੁੰਝਲਦਾਰ ਮਸਲੇ ਹਨ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਕਿ ਕਮਿਸ਼ਨਰ ਜੀ ਤੁਸੀਂ ਆਪਣਾ ਕੰਮ ਬਹੁਤ ਵਧੀਆ ਕਰ ਰਹੇ ਹੋ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਨੇ ਕਿਹਾ ਕਿ ਇਸ ਪ੍ਰੋਜੈਕਟ ਦੀ ਵਿਜੀਲੈਂਸ ਇਨਕੁਆਰੀ ਚਲ ਰਹੀ ਹੈ ਪਰ ਸਟਾਫ ਨੂੰ ਤਨਖ਼ਾਹਾ ਨਹੀਂ ਮਿਲ ਰਹੀਆਂ ਜਿਸ ਕਰਕੇ ਲਾਈਟਾਂ ਦੀ ਮੇਨਟੀਨੈਂਸ ਨਹੀਂ ਹੋ ਰਹੀ। ਲੋਕਾਂ ਦਾ ਇਸ ਗੱਲ ਨਾਲ ਕੁਝ ਲੈਣਾ ਦੇਣਾ ਨਹੀਂ ਹੈ । ਲਾਈਟਾਂ ਚਲਦੀਆਂ ਹੋਣੀਆਂ ਚਾਹੀਦੀਆਂ ਹਨ ਇਸ ਬਾਰੇ ਹੱਲ ਕੱਢੋ ।

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਨੇ ਕਿਹਾ ਕਿ ਤੁਸੀਂ ਕਿਸੇ ਤਰ੍ਹਾਂ ਵੀ ਇਹਨਾਂ ਕਰਮਚਾਰੀਆਂ ਨੂੰ ਤਨਖ਼ਾਹਾ ਦਵਾਓ ।

ਕਮਿਸ਼ਨਰ ਜੀ ਨੇ ਕਿਹਾ ਕਿ ਮੈਂ ਪਿਛਲੀ ਮੀਟਿੰਗ ਵਿੱਚ ਵੀ ਕਿਹਾ ਸੀ ਕਿ ਅਸੀਂ ਕੁਝ ਨਾ ਕੁਝ ਆਲਟਰਨੇਟਿਵ ਸਲੂਸ਼ਨ ਲਭ ਰਹੇ ਹਾਂ । ਪਰ ਵੱਡਾ ਮਸਲਾ ਇਹ ਹੈ ਕਿ ਪੋਲ ਮਾਰਕਿੰਗ ਨਹੀਂ ਹੋਈ ਹੈ । ਕੋਈ ਪਤਾ ਨਹੀਂ ਲੱਗ ਰਿਹਾ ਕਿ ਕਿਹੜੀਆਂ ਲਾਈਟਾਂ ਪੀ.ਸੀ.ਪੀ. ਕੰਪਨੀ ਨੇ ਲਗਾਈਆਂ ਹਨ, ਕਿਹੜੀਆਂ ਐਚ.ਪੀ.ਐਲ. ਕੰਪਨੀ ਨੇ, ਕਿਹੜੀਆਂ ਕਾਰਪੋਰੇਸ਼ਨ ਨੇ ਲਗਾਈਆਂ ਹਨ । ਅਸੀਂ ਕੰਪਨੀ ਨੂੰ ਪੋਲ ਮਾਰਕਿੰਗ ਲਈ ਕਹਿ ਦਿੱਤਾ ਹੈ ਅਤੇ 6000 ਦੇ ਲੱਗਭਗ ਪੋਲ ਮਾਰਕਿੰਗ ਹੋ ਚੁੱਕੀ ਹੈ । 75000 ਦੇ ਕਰੀਬ ਪੋਲ ਮਾਰਕਿੰਗ ਹੋਣੀ ਹੈ। ਜਿਵੇਂ ਜਿਵੇਂ ਪੋਲ ਮਾਰਕਿੰਗ ਹੁੰਦੀ ਜਾਵੇਗੀ ਅਸੀਂ ਪੇਮੈਂਟ ਸਟਾਰਟ ਕਰ ਦੇਵਾਂਗੇ ।

ਸ੍ਰੀ ਵਿਪਨ ਚੱਡਾ, ਕੌਂਸਲਰ ਨੇ ਕਿਹਾ ਕਿ ਅਸੀਂ ਲਾਈਟਾਂ ਠੀਕ ਕਰਵਾਉਣ ਲਈ ਕੋਲੋਂ ਪੈਸੇ ਖ਼ਰਚ ਕਰ ਰਹੇ ਹਾਂ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਕਿਹਾ ਕਿ ਜਿਹੜਾ ਪੈਸਾ 38 ਲੱਖ ਰੁਪਏ ਦਾ ਮੇਨਟੀਨੈਂਸ ਵਾਸਤੇ ਰੱਖਿਆ ਸੀ, ਉਸਦਾ ਕੀ ਹਿਸਾਬ ਹੈ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖ਼ਹਿਰਾ, ਕੌਂਸਲਰ ਨੇ ਕਿਹਾ ਕਿ ਦਫ਼ਤਰ ਵਲੋਂ ਜਿਹੜੀ ਰਿਪੋਰਟ ਦਿੱਤੀ ਗਈ ਹੈ ਕਿ ਪੁਰਾਣੀਆਂ ਲਾਈਟਾਂ ਦੇ ਬਦਲੇ ਮੈ: ਏ.ਐਸ.ਇੰਟਰਪ੍ਰਾਇਜ਼ਜ਼ ਵਲੋਂ ਸਭ ਤੋਂ ਘੱਟ ਰੇਟ 84.85 ਲੱਖ ਭਰੇ ਗਏ ਸਨ ਜਦ ਕਿ ਕਾਰਪੋਰੇਸ਼ਨ ਨੇ ਪੈਸੇ ਲੈਣੇ ਸਨ । ਇਸੇ ਤਰ੍ਹਾਂ ਬਿਨਾਂ ਜੀ.8 ਰਸੀਦ ਦੇ ਪੈਸੇ ਕਿਸ ਤਰ੍ਹਾਂ ਜਮ੍ਹਾਂ ਹੋ ਗਏ ।

ਕਮਿਸ਼ਨਰ ਜੀ ਨੇ ਦੱਸਿਆ ਕਿ ਜਿਹੜੇ ਅਧਿਕਾਰੀਆਂ ਵਲੋਂ ਇਹ ਉਨਤਾਹੀਆਂ ਕੀਤੀਆਂ ਗਈਆਂ ਹਨ, ਮੈਂ ਸਰਕਾਰ ਨੂੰ ਚਾਰਜਸ਼ੀਟ ਲਈ ਲਿਖ ਦੇਵਾਂਗਾ । ਅੱਜ ਦੀ ਮੀਟਿੰਗ ਵਿੱਚ ਆਉਣ ਤੋਂ ਪਹਿਲਾਂ ਮੈਂ ਵੇਖਿਆ ਕਿ ਜਿਹੜੀ ਰਿਪੋਰਟ ਦਿੱਤੀ ਗਈ ਹੈ ਵਿੱਚ ਡਿਟੇਲ ਨਹੀਂ ਹੈ । ਮੈਂ ਸ਼ੋ ਕਾਜ਼ ਨੋਟਿਸ ਦੇ ਕੇ ਆਇਆ ਹਾਂ ਜਿਨ੍ਹਾਂ ਨੇ ਰਿਪੋਰਟ ਸਹੀਂ ਨਹੀਂ ਬਣਾਈ ।

ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਕਿਹਾ ਕਿ ਤੁਸੀਂ ਸ਼ੋ ਕਾਜ਼ ਨੋਟਿਸ ਕੱਢੋ ।

ਕਮਿਸ਼ਨਰ ਜੀ ਨੇ ਕਿਹਾ ਕਿ ਅਸੀਂ 72 ਘੰਟਿਆ ਵਿੱਚ ਨੋਟਿਸ ਦੇਣ ਜਾ ਰਹੇ ਹਾਂ ਕਿ ਜਿਨ੍ਹਾਂ ਅਧਿਕਾਰੀਆਂ ਨੇ ਉਨਤਾਹੀਆਂ ਕੀਤੀਆਂ ਹਨ ਅਤੇ ਜਿਸ ਬਾਰੇ ਸ੍ਰੀਖੰਡੇ ਕੰਪਨੀ ਨੇ ਵੀ ਪੁਆਇੰਟ ਉਠਾਏ ਹਨ ਜਿਵੇਂ ਕਿ ਕੰਪਲੀਸ਼ਨ ਸਰਟੀਫਿਕਟ ਬਿਨਾਂ ਅਰਥਿੰਗ ਤੋਂ ਜਾਰੀ ਕਰ ਦਿੱਤਾ ਗਿਆ ਜਿਸ ਕਰਕੇ ਸ਼ਾਇਦ ਕਿਸੇ ਜਰਨਲਿਸਟ ਦੀ ਮੌਤ ਵੀ ਹੋਈ ਹੈ । ਮੈਂ ਹਾਊਸ ਦੀ ਮੰਸ਼ਾਂ ਨੂੰ ਚੰਗੀ ਤਰ੍ਹਾਂ ਰਿਲਾਈਜ਼ ਕੀਤਾ ਹੈ ਅਤੇ ਬੜਾ ਸੀਰਿਅਸ ਵਿਊ ਲਿਆ ਹੈ । ਮੈਂ ਅਤੇ ਚੀਫ ਇੰਜ਼ੀਨਿਅਰ ਸ੍ਰੀ ਏ.ਐਸ.ਧਾਲੀਵਾਲ 72 ਘੰਟਿਆ ਵਿੱਚ ਸਬੰਧਤ ਅਧਿਕਾਰੀਆਂ ਨੂੰ ਸ਼ੋ ਕਾਜ਼ ਨੋਟਿਸ ਜਾਰੀ ਕਰਵਾ ਦੇਵਾਂਗੇ । ਜਿਹੜੇ ਅਧਿਕਾਰੀ ਪ੍ਰੋਵਿੰਸ਼ਲਾਈਜ਼ਡ ਕਾਡਰ ਦੇ ਹਨ, ਉਹਨਾਂ ਬਾਰੇ ਕਾਰਵਾਈ ਕਰਨ ਲਈ ਸਰਕਾਰ ਨੂੰ ਲਿਖਣ ਜਾ ਰਹੇ ਹਾਂ ।

ਸ੍ਰੀ ਜੇ.ਪੀ. ਸ਼ਮਸ਼ੇਰ ਸਿੰਘ ਖ਼ਹਿਰਾ, ਕੌਂਸਲਰ ਨੇ ਕਿਹਾ ਕਿ ਮੈ: ਐਚ.ਪੀ.ਐਲ. ਕੰਪਨੀ ਨੇ ਪੁਰਾਣੀਆਂ ਲਾਈਟਾਂ ਸਟਾਕ ਵਿੱਚ ਨਹੀ ਲਈਆਂ ਅਤੇ ਮੈਂ: ਏ.ਐਸ.ਇੰਟਰਪ੍ਰਾਇਜ਼ਜ਼ ਲੈ ਗਿਆ, ਜਿਸ ਕਰਕੇ ਮੈ: ਐਚ.ਪੀ.ਐਲ. ਕੰਪਨੀ ਤੇ ਵੀ ਕਾਰਵਾਈ ਹੋਣੀ ਚਾਹੀਦੀ ਹੈ ।

ਕਮਿਸ਼ਨਰ ਜੀ ਨੇ ਕਿਹਾ ਕਿ ਇਸ ਬਾਰੇ ਸ੍ਰੀ ਖੰਡੇ ਥਰਡ ਪਾਰਟੀ ਆਡਿਟ ਨੇ ਵੀ ਮੈਨਸ਼ਨ ਕੀਤਾ ਹੈ, ਇਸ ਲਈ ਅਸੀਂ ਇਸ ਦੀ ਭਰਪਾਈ ਲਈ ਮੈ: ਐਚ.ਪੀ.ਐਲ. ਨੂੰ ਜੁਰਮਾਨਾ ਪਾਵਾਂਗੇ ।

ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਕਿਹਾ ਕਿ ਬਲੈਕ ਆਊਟ ਸਬੰਧੀ ਕੰਪਨੀ ਨੂੰ ਕੋਈ ਜੁਰਮਾਨਾਂ ਨਹੀਂ ਲਗਾਇਆ ਗਿਆ ਅਤੇ ਨਾ ਹੀ ਕੋਈ ਲਾਈਟ ਪੈਟਰੋਲਰ ਆ ਰਿਹਾ ਹੈ ।

ਸ੍ਰੀ ਵਿਪਨ ਚੱਡਾ, ਕੌਂਸਲਰ ਨੇ ਕਿਹਾ ਕਿ ਕੰਪਨੀ ਦੇ ਵਰਕਰ ਤਾਰਾਂ ਤੋੜ ਰਹੇ ਹਨ । ਕਾਰਵਾਈ ਕੀਤੀ ਜਾਵੇ । ਜਾਨ ਬੁਝ ਕੇ ਲੋਕਾਂ ਨੂੰ ਖ਼ਰਾਬ ਕੀਤਾ ਜਾ ਰਿਹਾ ਹੈ ।

ਸ੍ਰੀ ਜੇ.ਪੀ.ਸ਼ਮਸ਼ੇਰ ਸਿੰਘ ਖਹਿਰਾ, ਕੌਂਸਲਰ ਨੇ ਕਿਹਾ ਕਿ ਮੈਨੂਅਲੀ ਪੈਟਰੋਲਰ ਰੱਖੇ ਜਾਣ ਕਿਉਂ ਜ਼ੋ ਸੀ.ਸੀ.ਐਮ.ਐਸ. ਫੇਲ ਹੈ ।

ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ ਨੇ ਕਿਹਾ ਕਿ ਪੋਲ ਮਾਰਕਿੰਗ ਕਿਸ ਵਾਰਡ ਤੋਂ ਸ਼ੁਰੂ ਹੋਈ ਹੈ ਦੱਸਿਆ ਜਾਵੇ ਅਤੇ ਕੌਂਸਲਰ ਨੂੰ ਨਾਲ ਲਿਆ ਜਾਵੇ ।ਪਰ ਲਾਈਟਾਂ ਦੀ ਮੇਨਟੀਨੈਂਸ ਦਾ ਕੰਮ ਜਲਦ ਸ਼ੁਰੂ ਕਰਵਾਇਆ ਜਾਵੇ । ਭਾਂਵੇਂ ਇਸ ਦਾ ਜਾਂਚ ਵਿਜੀਲੈਂਸ ਨੂੰ ਦੇਣੀ ਹੈ ਜਾਂ ਦੇ ਦਿਤੀ ਹੈ ।ਜਾਂ ਫਿਰ ਵਿਜੀਲੈਂਸ ਦੀ ਕੰਸੈਂਟ ਲੈ ਕੇ ਕੰਪਨੀ ਨੂੰ ਅਦਾਇਗੀ ਕਰਕੇ ਕਰਮਚਾਰੀਆਂ ਦੀਆਂ ਤਨਖ਼ਾਹਾ ਦਿੱਤੀਆਂ ਜਾਣ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਕਿਹਾ ਕਿ ਪੋਲ ਮਾਰਕਿੰਗ ਐਸ.ਪੀ.ਐਲ. ਕੰਪਨੀ ਕਿਉ ਕਰ ਰਹੀ ਹੈ । ਕਾਰਪੋਰੇਸਨ ਕਿਉਂ ਨਹੀਂ ਕਰ ਰਹੀ । ਹਰੇਕ ਕੰਮ ਦਾ ਸਰਕਾਰੀ ਸਿਸਟਮ ਹੁੰਦਾ ਹੈ । ਹੁੰਦਾ ਤਾਂ ਇਹ ਕਿ ਪਹਿਲਾਂ ਲਾਈਟਾਂ ਨਿਗਮ ਦੇ ਸਟਾਕ ਰਜਿਸਟਰ ਵਿੱਚ ਆਉਂਦੀਆਂ ਤਾਂ ਫਿਰ ਉਥੋਂ ਡਿਸਟਰੀਬਿਊਟ ਹੁੰਦੀਆਂ ।

ਸ੍ਰੀ ਸੁਖਵਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਨੇ ਦੱਸਿਆ ਕਿ ਕੰਪਨੀ ਵਲੋਂ ਵਾਰਡ ਨੰ: 23,24, 25 ਅਤੇ 26 ਵਿੱਚ ਪੋਲ ਮਾਰਕਿੰਗ ਕੀਤੀ ਜਾ ਰਹੀ ਹੈ ।

ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ ਨੇ ਕਿਹਾ ਕਿ ਮੈਂ 24 ਨੰਬਰ ਵਾਰਡ ਦਾ ਕੌਂਸਲਰ ਹਾਂ ਪਰ ਮੇਰੇ ਕੋਲ ਕੋਈ ਕਰਮਚਾਰੀ ਜਾਂ ਅਧਿਕਾਰੀ ਨਹੀਂ ਆਇਆ ਜਿਹੜਾ ਦੱਸੇ ਕਿ ਕਿਥੇ ਪੋਲ ਮਾਰਕਿੰਗ ਹੋ ਰਹੀ ਹੈ ।

ਸ੍ਰੀ ਸੁਖਵਿੰਦਰ ਸਿੰਘ, ਕਾ:ਇੰ: ਨੇ ਕਿਹਾ ਕਿ ਅਸੀਂ ਇਨਸ਼ੋਰ ਕਰਾਂਗੇ ਕਿ ਵਾਰਡ ਦੇ ਕੌਂਸਲਰ ਨੂੰ ਇਸ ਕੰਮ ਦੌਰਾਨ ਨਾਲ ਲਿਆ ਜਾਵੇ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਕਿਹਾ ਕਿ ਕਮੇਟੀ ਨੇ 9-10 ਕਰੋੜ ਰੁਪਏ ਦਾ ਸਕੈਮ ਫੜਿਆ । ਪੁਰਾਣੀਆਂ ਲਾਈਟਾਂ ਸਬੰਧੀ ਵੀ ਲੱਗਭਗ 1 ਕਰੋੜ ਰੁਪਏ ਦਾ ਸਕੈਮ ਫੜਿਆ । ਇਸ ਤਰ੍ਹਾਂ ਲਗਭਗ 11 ਕਰੋੜ ਰੁਪਏ ਦਾ ਘਾਟਾ ਪੈਣਾ ਸੀ । ਇੰਨਫਰਾਸਟਰਕਚਰ ਡਿਵੈਲਪਮੈਂਟ ਨੂੰ ਵੀ 2.97 ਕਰੋੜ ਤੋਂ 4.96 ਕਰੋੜ ਕੀਤਾ ਗਿਆ। ਕੋਈ ਬੈਂਕ ਗਰੰਟੀ ਨਹੀਂ ਲਈ ਗਈ । ਅਸੀਂ ਇੰਨਾ ਕੁਝ ਫੜਿਆ ਪਰ ਕੋਈ ਰਿਜ਼ਲਟ ਨਹੀਂ ਨਿਕਲਿਆ।

ਅਖੀਰ ਵਿੱਚ ਮੇਅਰ ਜੀ ਨੇ ਸਮੂਹ ਹਾਊਸ ਦੀ ਮੰਸ਼ਾਂ ਦੇ ਮੱਧੇਨਜ਼ਰ ਇਸ ਸਾਰੇ ਕੇਸ ਦੀ ਵਿਜੀਲੈਂਸ ਇਨਕੁਆਰੀ ਕਰਵਾਉਣ ਲਈ ਹਾਊਸ ਦੀ ਰਾਏ ਲਈ ਤਾਂ ਹਾਊਸ ਵਲੋਂ ਇਸ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਮੇਅਰ ਜੀ ਨੇ ਆਦੇਸ਼ ਦਿੱਤੇ ਕਿ ਇਸ ਕੇਸ ਨੂੰ ਵਿਜੀਲੈਂਸ ਨੂੰ ਭੇਜ਼ ਦਿੱਤਾ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2023

ਇਸ ਉਪਰੰਤ ਹਾਊਸ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 82 ਤੋਂ 83 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
18.1.2023

ਮਤਾ ਨੰਬਰ:- 82

ਵਿਸ਼ਾ:- **Laying of 8" dia SW Pipe and Construction of New Manhole at various streets of Ward No. 65 falling in Zone No. 1**

**Est. Amount Rs 1,21,768/-**

ਪੜਿਆ ਨੋਟ ਕਾਰਜਕਾਰੀ ਇੰਜੀਨੀਅਰ, ੳ ਐਂਡ ਐਮ ਸ਼ਾਖਾ ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨਿਅਰ (ੳ ਐਂਡ ਐਮ) ਅਤੇ ਸੰਯੁਕਤ ਕਮਿਸ਼ਨਰ (ਐਸ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਾਰਡ ਨੰਬਰ 65 ਦੀ ਕੌਂਸਲਰ ਸ਼੍ਰੀਮਤੀ ਅਜੰਲੀ ਜੀ ਵਲੋਂ ਆਪਣੇ ਪੱਤਰ ਰਾਹੀਂ ਮੇਅਰ ਸਾਹਿਬ ਜੀ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਦੇ ਵਾਰਡ ਅਧੀਨ ਪੈਂਦੇ ਵੱਖ-ਵੱਖ ਇਲਾਕੇ/ ਗੱਲੀਆਂ ਵਿੱਚ ਸੀਵਰੇਜ਼ ਬੰਦ ਹੋਣ ਦੀਆਂ ਕਾਫੀ ਜਿਆਦਾ ਸ਼ਿਕਾਇਤਾਂ ਆ ਰਹੀਆਂ ਹਨ, ਜਿਸ ਨਾਲ ਇਥੋਂ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਲੋਕਾਂ ਨੂੰ ਸੀਵਰੇਜ਼ ਦੀ ਸਮਸਿਆ ਤੋਂ ਰਾਹਤ ਦੇਣ ਵਾਸਤੇ ਇਥੇ ਨਵੀਂ ਸੀਵਰ ਲਾਈਨ ਪਵਾਈ ਜਾਵੇ ਜੀ। ਇਸ ਦੇ ਸਬੰਧ ਵਿੱਚ ਇਲਾਕਾ ਜੇ.ਈ ਵਲੋਂ ਮੋਕਾ ਚੈਕ ਕਰਨ ਉਪਰੰਤ ਰਿਪੋਰਟ ਕੀਤੀ ਹੈ ਕਿ ਇਸ ਵਾਰਡ ਵਿੱਚ ਵੱਖ-ਵੱਖ ਗੱਲੀਆਂ ਵਿੱਚ ਬਣੇ ਹੋਏ ਮੈਨਹੋਲ ਛੋਟੇ ਹੋਣ ਕਾਰਨ ਮੈਨਹੋਲਾਂ ਦੀ ਸਫਾਈ ਨਹੀਂ ਹੋ ਪਾਂਦੀ ਅਤੇ ਇਨ੍ਹਾਂ ਮੈਨਹੋਲਾਂ ਦੀ ਸਫਾਈ ਕਰਵਾਉਣ ਵਾਸਤੇ ਇਨ੍ਹਾਂ ਨੂੰ ਵੱਡਾ ਕਰਨ ਦੀ ਜਰੂਰਤ ਹੈ। ਇਸ ਲਈ ਲੋਕਾਂ ਨੂੰ ਇਸ ਸਮਸਿਆ ਤੋਂ ਰਾਹਤ ਦੇਣ ਵਾਸਤੇ ਗੱਲੀ ਵਿੱਚ ਪਈਆਂ ਪੁਰਾਣੀਆਂ ਪਾਈਪਾਂ ਨੂੰ ਬਦਲ ਕੇ 8" ਡਾਇਆ ਦੀ ਐਸ.ਡਬਲਯੂ.ਪਾਈਪ ਪਾਉਣ ਅਤੇ ਨਵੇਂ ਮੈਨਹੋਲ ਬਣਾਉਣ ਲਈ ਤਖਮੀਨਾਂ 1,21,768/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਂਦੀ ਹੈ।

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਤੇ ਦੀ ਤਜਵੀਜ ਹੇਠ ਲਿਖੇ ਅਨੁਸਾਰ ਤਿਆਰ ਕਰਕੇ ਹਾਉਸ ਦੀ ਪ੍ਰਵਾਨਗੀ ਲਈ ਭੇਜੀ ਜਾਂਦੀ ਹੈ:-

| ਕੰਮ ਦਾ ਨਾਂ ਅਤੇ ਜਗ੍ਹਾ ਦਾ ਸਪਸਟ ਵੇਰਵਾ | ਵਾਰਡ ਨੰਬਰ | ਤਖਮੀਨਾਂ ਰੁਪਏ | ਕਿਸ ਅਧਿਕਾਰੀ ਵੱਲੋ ਤਕਨੀਕੀ ਪ੍ਰਵਾਨੱਗੀ ਦਿੱਤੀ ਗਈ ਹੈ। | ਇਹ ਕੰਮ ਓਰੀਜਨਲ ਵਰਕਸ ਦਾ ਹੈ ਜਾਂ ਮੇਨਟੀਨੈਂਸ ਦਾ | ਜੇਕਰ ਇਹ ਕੰਮ ਸਲਾਨਾਂ ਮੇਨਟੀਨੈਂਸ ਦਾ ਹੈ ਤਾਂ ਪਿਛਲੇ ਸਾਲ ਮੇਨਟੀਨੈਂਸ ਤੇ ਕਿੰਨਾਂ ਖਰਚ ਹੋਇਆ ਹੈ। | ਇਹ ਕੰਮ ਨਗਰ ਨਿਗਮ ਵੱਲੋ ਕੀਤਾ ਜਾਣਾਂ ਹੈ ਜਾਂ ਸੀਵਰੇਜ਼ ਬੋਰਡ ਵੱਲੋ |
|---|---|---|---|---|---|---|
| Laying of 8" dia SW Pipe and Construction of New Manhole at various streets of Ward No. 65 falling in Zone No. 1 | 65 | 1,21,768/- | ਨਿਗਰਾਨ ਇੰਜੀਨੀਅਰ ੳ.ਐਂਡ.ਐਮ | ਓਰੀਜਨਲ | N.A | ਨਗਰ ਨਿਗਮ, ਜਲੰਧਰ |

ਤਖਮੀਨਾ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ 18.1.2023 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.1.2023 ਰਾਹੀਂ ਤਖ਼ਮੀਨਾ ਹਾਊਸ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2023

**ਮਤਾ ਨੰਬਰ:- 83**

ਵਿਸ਼ਾ:- ਅਵਾਰਾ ਪਸ਼ੂਆਂ ਨੂੰ ਗਊਸ਼ਾਲਾ ਵਿਚ ਭੇਜਣ ਬਾਰੇ।
(ਗਊਸ਼ਾਲਾ ਵਿਚ ਭੇਜਣ ਲਈ ਪਸ਼ੂਆਂ ਦੀ ਡਾਇਟ ਮਨੀ ਰੁਪਏ 3,50,40,000/- ਦੀ ਪ੍ਰਵਾਨਗੀ ਸਬੰਧੀ)

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਜਿਸ ਦੀ ਸਿਫਾਰਸ਼ ਸੰਯੁਕਤ ਕਮਿਸ਼ਨਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਵਲੋਂ ਕੈਟਲ ਕੈਚਰ ਟੀਮ ਦੁਆਰਾ ਸ਼ਹਿਰ ਦੀ ਹਦ ਅੰਦਰ ਘੁੰਮ ਰਹੇ ਆਵਾਰਾ ਅਤੇ ਬੇ-ਸਹਾਰਾ ਪਸ਼ੂਆਂ ਨੂੰ ਫੜ ਕੇ ਸਾਲ 2019 ਤੋਂ ਲਗਾਤਾਰਤਾ ਨਾਲ ਗਊਸ਼ਾਲਾ ਸੰਤ ਮਹੇਸ਼ ਮੁਨੀ ਜੀ ਫਰੀਦਕੋਟ ਅਤੇ ਸਰਕਾਰੀ ਗਊਸ਼ਾਲਾ ਕੰਨਿਆਵਾਲੀ ਸ਼ਾਹਕੋਟ ਵਿਖੇ 2017 ਤੋਂ 32/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਐਗਰੀਮੈਂਟ ਕਰਕੇ ਛੱਡਿਆ ਜਾ ਰਿਹਾ ਹੈ। ਇਹ ਕੰਮ ਕਮਿਸ਼ਨਰ ਸ੍ਰੀ ਦੀਪਰਵਾ ਲਾਕੜਾ ਜੀ ਦੇ ਹੁਕਮਾਂ ਨਾਲ ਕੁਟੇਸ਼ਨਾ ਦੁਆਰਾ ਕੰਮ ਕਰਵਾਇਆ ਗਿਆ ਸੀ ।

ਉਪਰੋਕਤ ਕੰਮ ਨੂੰ ਟੈਂਡਰਾਂ ਰਾਹੀਂ ਕੰਮ ਕਰਨ ਲਈ ਬੀ ਐਂਡ ਆਰ ਸ਼ਾਖਾ ਵਲੋਂ ਦੋ ਵਾਰ ਟੈਂਡਰ ਲਗਾਏ ਗਏ ਪ੍ਰੰਤੂ ਕਿਸੇ ਵੀ ਠੇਕੇਦਾਰਾ ਦੁਆਰਾ ਟੈਂਡਰ ਨਹੀਂ ਭਰੇ ਗਏ । ਜਿਸ ਕਰਕੇ ਪਸ਼ੂਆਂ ਨੂੰ ਭੇਜਣ ਦਾ ਕੰਮ ਜੁਲਾਈ 2021 ਤੋਂ ਬੰਦ ਹੈ ।

ਗਊਸ਼ਾਲਾ ਫਰੀਦਕੋਟ ਵਿਖੇ 1923 ਪਸ਼ੂ ਭੇਜੇ ਗਏ ਅਤੇ ਸ਼ਾਹਕੋਟ ਗਊਸ਼ਾਲਾ ਵਿਖੇ 621 ਪਸ਼ੂ ਭੇਜੇ ਗਏ ਹਨ । ਇਹ ਕੰਮ ਪ੍ਰਾਈਵੇਟ ਗੱਡੀ ਟਾਟਾ 407 ਨੂੰ ਹਾਇਰ ਕਰਕੇ 5300/- ਰੁਪਏ ਫਰੀਦਕੋਟ ਗਊਸ਼ਾਲਾ ਅਤੇ 4200/- ਰੁਪਏ ਸ਼ਾਹਕੋਟ ਗਊਸ਼ਾਲਾ ਵਿਖੇ ਗੱਡੀ ਦਾ ਪ੍ਰਤੀ ਚੱਕਰ ਦੇ ਹਿਸਾਬ ਨਾਲ ਕਰਵਾਇਆ ਗਿਆ ਸੀ । ਇਸ ਲਈ ਉਸ ਸਮੇਂ ਸਰਕਾਰੀ ਕੈਟਲ ਕੈਚਰ ਗੱਡੀ ਦੀ ਹਾਲਤ ਖ਼ਰਾਬ ਹੋਣ ਕਰਕੇ ਸਰਕਾਰੀ ਗੱਡੀ ਲੰਮਾ ਸਫਰ ਤੈਅ ਨਹੀਂ ਕਰ ਸਕਦੀ ਸੀ ।ਜਿਸ ਕਰਕੇ ਇਸ ਗੱਡੀ ਕੋਲੋਂ ਸ਼ਹਿਰ ਦੀ ਹਦ ਅੰਦਰ ਪਸ਼ੂ ਫੜਣ ਦਾ ਕੰਮ ਲਿਆ ਜਾਂਦਾ ਸੀ ।

ਅਜੋਕੇ ਸਮੇਂ ਵਿੱਚ ਸ਼ਹਿਰ ਦੀ ਹੱਦ ਅੰਦਰ ਪਸ਼ੂਆਂ ਦੀ ਭਰਮਾਰ ਹੈ । ਇਸ ਨੂੰ ਰੋਕਣ ਲਈ ਨਗਰ ਨਿਗਮ ਦੇ 5 ਕੱਚੇ ਕਰਮਚਾਰੀਆਂ ਦੁਆਰਾ ਪਸ਼ੂਆਂ ਨੂੰ ਫੜ ਕੇ ਸਰਕਾਰੀ ਕੈਟਲ ਕੈਚਰ ਗੱਡੀ ਦੁਆਰਾ ਹੀ ਗਊਸ਼ਾਲਾ ਫਰੀਦਕੋਟ ਅਤੇ ਸ਼ਾਹਕੋਟ ਵਿਖੇ ਛੱਡਿਆ ਜਾਣਾ ਹੈ ।

ਉਪਰੋਕਤ ਗਊਸ਼ਾਲਾਵਾਂ ਨਾਲ ਪਸ਼ੂਆਂ ਦੇ ਰਖ-ਰਖਾਓ/ਸਾਂਭ-ਸੰਭਾਲ ਅਤੇ ਡਾਈਟ ਮਨੀ ਸਬੰਧੀ ਐਗਰੀਮੈਂਟ ਵੀ ਕੀਤਾ ਗਿਆ ਹੈ ।

ਉਪਰੋਕਤ ਸਬੰਧੀ ਸਰਕਾਰੀ ਗੱਡੀ ਰਾਹੀਂ ਲਗਭਗ 3000 ਪਸ਼ੂਆਂ ਨੂੰ ਫੜ ਕੇ ਗਊਸ਼ਾਲਾ ਫਰੀਦਕੋਟ ਅਤੇ ਸ਼ਾਹਕੋਟ ਵਿਖੇ ਭੇਜਿਆ ਜਾ ਸਕਦਾ ਹੈ ਅਤੇ ਭੇਜੇ ਜਾਣ ਵਾਲੇ ਪਸ਼ੂਆਂ ਦੀ ਡਾਈਟ ਮਨੀ ਲਗਭਗ 3000×32×365 ਦਿਨਾਂ ਦਾ ਕੁਲ ਖ਼ਰਚਾ 3,50,40,000/- ਬਣਦਾ ਹੈ । ਇਸ ਤਰ੍ਹਾਂ ਰੁਪਏ 3,50,40,000/- ਖ਼ਰਚ ਕਰਨ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਂਦੀ ਹੈ । ਇਸ ਸਬੰਧੀ ਨਗਰ ਨਿਗਮ ਵਲੋਂ ਆਵਾਰਾ ਪਸ਼ੂਆਂ ਨੂੰ ਗਊਸ਼ਾਲਾ ਭੇਜਣ ਅਤੇ ਉਸਦੀ ਉਸਾਰੀ ਲਈ ਰੁ. 360 ਲੱਖ ਬਜਟ ਰੱਖਿਆ ਹੋਇਆ ਹੈ । ਹਾਊਸ ਦੀ ਪ੍ਰਵਾਨਗੀ ਲਈ ਮਿਸਲ ਮੇਅਰ ਜੀ ਨੂੰ ਭੇਜੀ ਗਈ ਅਤੇ ਮੇਅਰ ਜੀ ਨੇ ਮਿਤੀ 26.5.2022 ਰਾਹੀਂ ਲਿਖਿਆ ਹੈ ਕਿ Councillors visit to Gaushala Faridkot could not be materialized due to inability of the officer assigned for the duty. New Date and officer who will accompany should be designated and circulated.

ਕਮਿਸ਼ਨਰ ਜੀ ਨੇ ਮਿਤੀ 31.5.2022 ਰਾਹੀਂ ਲਿਖਿਆ ਹੈ ਕਿ As received on 31.5.2022, Dr. Rajkamal to accompany; being nodal officer of t he Gaushala functioning. The visit may be planned on June 3, 2022.

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.11.2022 ਰਾਹੀਂ ਤਜਵੀਜ ਹਾਊਸ ਵਿਚ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

18.1.2023